**FOR IMMEDIATE RELEASE** CITY OF SURREY

MEDIA RELEASE

# ਸਰੀ ਸ਼ਹਿਰ ਵਿੱਚ ਮੁਫ਼ਤ ਅਤੇ ਮਜ਼ੇਦਾਰ ਗਤੀਵਿਧੀਆਂ ਨਾਲ ਪਰਿਵਾਰਕ ਦਿਵਸ (Family Day ) ਮਨਾਓ

*ਤੁਰੰਤ ਰਿਲੀਜ਼ : 13 ਫਰਵਰੀ , 2025*

**ਸਰੀ, ਬੀ.ਸੀ.** - ਸਰੀ ਸ਼ਹਿਰ 15 ਤੋਂ 17 ਫਰਵਰੀ, ਫੈਮਿਲੀ ਡੇਅ ਦੇ ਲੌਂਗ ਵੀਕਐਂਡ ਦੇ ਅੰਤ ਤੱਕ ਕਈ ਤਰ੍ਹਾਂ ਦੀਆਂ ਮੁਫ਼ਤ ਅਤੇ ਘੱਟ ਲਾਗਤ ਵਾਲੀਆਂ ਗਤੀਵਿਧੀਆਂ ਦੀ ਪੇਸ਼ਕਸ਼ ਕਰ ਰਿਹਾ ਹੈ। ਫੈਮਿਲੀ ਡੇ ਪ੍ਰੋਗਰਾਮ ਸਰੀ ਦੀਆਂ ਰੀਕ੍ਰੀਏਸ਼ਨ ਸਹੂਲਤਾਂ, ਏਰੀਨਾਸ, ਡਾਰਟਸ ਹਿੱਲ ਗਾਰਡਨ ਪਾਰਕ, ਸਰੀ ਦੇ ਮਿਊਜ਼ੀਅਮ ਅਤੇ ਸਟੀਵਰਟ ਹਿਸਟੋਰਿਕ ਫਾਰਮ ਵਿਖੇ ਉਪਲਬਧ ਹੋਣਗੇ।

*ਮੇਅਰ ਬਰੈਂਡਾ ਲੌਕ ਨੇ ਕਿਹਾ, "ਸਰੀ ਸ਼ਹਿਰ ਨੂੰ ਆਪਣੇ ਪਰਿਵਾਰਕ ਦਿਵਸ ਦੀਆਂ ਲੌਂਗ-ਵੀਕਐਂਡ ਗਤੀਵਿਧੀਆਂ 'ਤੇ ਬਹੁਤ ਮਾਣ ਹੈ" । "ਸਾਡੇ ਪਹੁੰਚਯੋਗ ਅਤੇ ਕਿਫ਼ਾਇਤੀ ਫੈਮਿਲੀ ਡੇਅ ਪ੍ਰੋਗਰਾਮਾਂ ਵਿੱਚ ਹਰ ਕਿਸੇ ਲਈ ਕੁਝ ਨਾ ਕੁਝ ਹੈ, ਚਾਹੇ ਸਕੇਟਿੰਗ ਹੋਵੇ ਜਾਂ ਸਕੈਵੇਂਜਰ ਹੰਟ ਵਿੱਚ ਹਿੱਸਾ ਲੈਣਾ ਹੋਵੇ, ਪਰਿਵਾਰਕ ਮਜ਼ੇ ਦੀ ਕੋਈ ਕਮੀ ਨਹੀਂ ਹੈ। ਮੈਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸੱਦਾ ਦਿੰਦੀ ਹਾਂ ਕਿ ਤੁਸੀਂ ਸਾਡੇ ਸਿਟੀ ਸਟਾਫ ਅਤੇ ਵਲੰਟੀਅਰਾਂ ਦੁਆਰਾ ਰੱਖੇ ਗਏ ਸ਼ਾਨਦਾਰ ਸਮਾਗਮਾਂ ਵਿੱਚ, ਪਰਿਵਾਰਾਂ ਨਾਲ ਅਨੰਦਮਈ ਸਮਾਂ ਬਿਤਾਉਣ ਲਈ ਆਓ"।*

ਪਰਿਵਾਰਕ ਦਿਵਸ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹਨ:

- ਰੀਕ੍ਰੀਏਸ਼ਨ ਸਹੂਲਤਾਂ ਵਿਖੇ ਮੁਫ਼ਤ ਖੇਡਾਂ, ਕਲਾ ਅਤੇ ਸ਼ਿਲਪਕਾਰੀ ਖੇਡਾਂ;
- ਕਲੇਟਨ ਕਮਿਊਨਿਟੀ ਸੈਂਟਰ ਵਿਖੇ ਮੁਫ਼ਤ ਕਲਾ ਪ੍ਰੋਗਰਾਮ, ਮਨੋਰੰਜਨ ਅਤੇ ਲਾਇਬ੍ਰੇਰੀਆਂ ਦੀਆਂ ਗਤੀਵਿਧੀਆਂ ਜਿਸ ਵਿੱਚ ਟਿਮੋਥੀ ਬਾਸਿਲ ਏਰਿੰਗ (Timothy Basil Ering) ਦੀ ਇੱਕ ਪ੍ਰਸਿੱਧ ਕਿਤਾਬ ਤੇ ਅਧਾਰਿਤ ਐਕਸਿਸ ਥੀਏਟਰ (Axis Theatre ) ਵਿੱਚ ਫ੍ਰੋਗ ਬੇਲੀ ਰੇਟ ਬੋਨ (Frog Belly Rat Bone) ਦੀ ਪੇਸ਼ਕਾਰੀ ਸ਼ਾਮਲ ਹੈ, ਜਿਸ ਦੀ ਮੇਜ਼ਬਾਨੀ ਸਰੀ ਸਪਾਰਕ ਸਟੇਜਜ਼ ਦੁਆਰਾ ਕੀਤੀ ਜਾਵੇਗੀ;
- ਸਰੀ ਦੇ ਚੋਣਵੇਂ ਏਰੀਨਾਸ ਵਿੱਚ ਥੀਮ ਵਾਲੇ ਸਕੇਟ ਹੋਸਟ ਕੀਤੇ ਗਏ - ਡਰਾਪ-ਇਨ ਦਾਖਲਾ ਹੋਵੇਗਾ, ਸਕੇਟ ਅਤੇ ਹੈਲਮੇਟ ਕਿਰਾਏ ਤੇ ਉਪਲੱਬਧ ਹੋਣਗੇ;
- ਡਾਰਟਸ ਹਿੱਲ ਗਾਰਡਨ ਪਾਰਕ (Darts Hill Garden Park ) ਵਿਖੇ ਸਟੋਰੀ ਟਾਈਮ, ਲਾਈਵ ਸੰਗੀਤ ਅਤੇ ਸਕੈਵੇਂਜਰ ਹੰਟ ਸਮੇਤ ਮੁਫ਼ਤ ਬਾਹਰੀ ਗਤੀਵਿਧੀਆਂ;
- ਬੋਰਡ ਗੇਮਜ਼, ਸਕੈਵੇਂਜਰ ਹੰਟ ਅਤੇ ਸਰੀ ਦੇ ਅਜਾਇਬ ਘਰ ਵਿੱਚ ਮੈਸਕੌਟ ਰਾਜ ਦ ਰੈਕੂਨ (photos with mascot Raj the Raccoon) ਨਾਲ ਤਸਵੀਰਾਂ;

- ਇਤਿਹਾਸਕ ਸਟੀਵਰਟ ਫਾਰਮ ਵਿਖੇ ਹਾਊਸ ਟੂਰ ਅਤੇ ਵਿਰਾਸਤੀ ਪ੍ਰਦਰਸ਼ਨ ਸ਼ਾਮਲ ਹੈ।

ਸਭ ਨੂੰ ਫੈਮਿਲੀ ਡੇਅ ਤੇ ਉਨ੍ਹਾਂ ਦੀਆਂ ਪਸੰਦੀਦਾ ਗਤੀਵਿਧੀਆਂ ਲਈ ਜਲਦੀ ਪਹੁੰਚਣ ਲਈ ਅਰਜ਼ ਕੀਤੀ ਜਾਂਦੀ ਹੈ, ਕਿਉਂਕਿ ਉਸ ਦਿਨ ਪਾਰਕਿੰਗ ਸਥਾਨ ਆਮ ਨਾਲੋਂ ਵਧੇਰੇ ਰੁਝੇਵੇਂ ਵਾਲੇ ਹੋ ਸਕਦੇ ਹਨ। ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ surrey.ca/familyday ਤੇ ਜਾਵੋ।

-30-

**ਮੀਡੀਆ ਇਨਕੁਆਇਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨਜ ਲੀਡ
ਸਿਟੀ ਆਫ਼ ਸਰੀ
prabhjot.kahlon@surrey.ca
C :236-878-6263